# ਮੁਲਾਂਕਣ ਲਈ ਹਸਪਤਾਲ ਵਿੱਚ ਦਾਖ਼ਲ ਹੋਣਾ

(ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) 1983 ਦਾ ਸੈਕਸ਼ਨ 2)

| | |
|---|---|
| 1. ਮਰੀਜ਼ ਦਾ ਨਾਂਅ | |
| 2. ਤੁਹਾਡੀ ਦੇਖਭਾਲ ਲਈ ਜ਼ਿੰਮੇਵਾਰ ਵਿਅਕਤੀ ਦਾ ਨਾਂਅ (ਤੁਹਾਡਾ "ਜ਼ਿੰਮੇਵਾਰ ਕਲਿੱਨੀਸ਼ੀਅਨ") | |
| 3. ਹਸਪਤਾਲ ਅਤੇ ਵਾਰਡ ਦਾ ਨਾਂਅ | |

## ਮੈਂ ਹਸਪਤਾਲ ਵਿੱਚ ਕਿਉਂ ਹਾਂ ?

ਤੁਹਾਨੂੰ ਇਸ ਹਸਪਤਾਲ ਵਿੱਚ 1983 ਦੇ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦੇ ਸੈਕਸ਼ਨ 2 ਤਹਿਤ, ਰੱਖਿਆ ਜਾ ਰਿਹਾ ਹੈ। ਤੁਹਾਡਾ ਮੁਆਇਨਾ ਦੋ ਡਾਕਟਰਾਂ ਨੇ ਕੀਤਾ ਹੈ ਅਤੇ ਸੋਚਦੇ ਹਨ ਕਿ ਤੁਹਾਨੂੰ ਕੋਈ ਮਾਨਸਿਕ ਵਿਗਾੜ ਹੈ ਇਸ ਲਈ ਤੁਹਾਡਾ ਹਸਪਤਾਲ ਵਿੱਚ ਰਹਿਣਾ ਜ਼ਰੂਰੀ ਹੈ, ਤਾਂ ਜੋ ਤੁਹਾਡੀ ਦੇਖਭਾਲ ਲਈ ਜ਼ਿੰਮੇਵਾਰ ਵਿਅਕਤੀ (ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ) ਇਹ ਪਤਾ ਲਗਾ ਸਕੇ ਕਿ ਤੁਹਾਨੂੰ ਕੀ ਤਕਲੀਫ਼ ਹੈ ਅਤੇ ਤੁਹਾਡੀ ਸਹਾਇਤਾ ਕਿਸ ਤਰ੍ਹਾਂ ਕੀਤੀ ਜਾਏ।

## ਮੈਨੂੰ ਇੱਥੇ ਕਿੰਨੀ ਦੇਰ ਰਹਿਣਾ ਪਏਗਾ ?

ਤੁਹਾਨੂੰ ਇੱਥੇ 28 ਦਿਨਾਂ ਤਕ ਰੱਖਿਆ ਜਾ ਸਕਦਾ ਹੈ।

ਇਸ ਸਮੇਂ ਦੌਰਾਨ, ਤੁਸੀਂ ਉਦੋਂ ਤਕ ਇੱਥੋਂ ਨਹੀਂ ਜਾਉਗੇ ਜਦ ਤਕ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਤੁਹਾਨੂੰ ਇਹ ਨਹੀਂ ਦੱਸਦਾ ਕਿ ਤੁਸੀਂ ਜਾ ਸਕਦੇ ਹੋ। ਜੇ ਤੁਸੀਂ ਇੱਥੋਂ ਜਾਣ ਦੀ ਕੋਸ਼ਿਸ਼ ਕਰੋਗੇ ਤਾਂ ਸਟਾਫ਼ ਤੁਹਾਨੂੰ ਰੋਕ ਸਕਦਾ ਹੈ ਅਤੇ ਜੇ ਤੁਸੀਂ ਚਲੇ ਜਾਂਦੇ ਹੋ ਤਾਂ ਤੁਹਾਨੂੰ ਵਾਪਸ ਵੀ ਲਿਆਇਆ ਜਾ ਸਕਦਾ ਹੈ।

ਜੇ ਤੁਹਾਨੂੰ ਹਸਪਤਾਲ ਵਿੱਚ ਪਹਿਲਾਂ ਹੀ ਮੈਂਟਲ ਹੈਲਥ ਐਕਟ ਦੇ ਸੈਕਸ਼ਨ 4 ਤਹਿਤ ਰੱਖਿਆ ਗਿਆ ਹੈ ਤਾਂ ਜਿਹੜਾ ਸਮਾਂ ਤੁਸੀਂ ਪਹਿਲਾਂ ਹਸਪਤਾਲ ਵਿੱਚ ਰਹਿ ਚੁੱਕੇ ਹੋ, ਉਹ 28 ਦਿਨਾਂ ਦੇ ਹਿੱਸੇ ਵਜੋਂ ਗਿਣਿਆ ਜਾਏਗਾ।

ਤੁਹਾਡੇ ਕੇਸ ਵਿੱਚ 28 ਦਿਨ ਖ਼ਤਮ ਹੁੰਦੇ ਹਨ :

| ਤਾਰੀਖ਼ : |
|---|

## ਇਸਤੋਂ ਅੱਗੇ ਕੀ ਹੁੰਦਾ ਹੈ ?

ਜੇ ਉਹ ਇਹ ਸੋਚਦੇ ਹਨ ਕਿ ਤੁਸੀਂ ਹਸਪਤਾਲ ਤੋਂ ਜਾਣ ਲਈ ਕਾਫੀ ਠੀਕ ਹੋ ਗਏ ਹੋ ਤਾਂ ਇਹ ਤੁਹਾਨੂੰ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਦੱਸੇਗਾ। ਇਹ 28 ਦਿਨਾਂ ਦੇ ਦੌਰਾਨ ਕਦੀ ਵੀ ਹੋ ਸਕਦਾ ਹੈ।

ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਇਹ ਫੈਸਲਾ ਕਰ ਸਕਦਾ ਹੈ, ਕਿ ਤੁਹਾਨੂੰ ਹਸਪਾਤਲ ਵਿੱਚ 28 ਦਿਨਾਂ ਤੋਂ ਵੱਧ ਰਹਿਣ ਦੀ ਜ਼ਰੂਰਤ ਹੈ ਤਾਂ ਉਸ ਸਥਿਤੀ ਵਿੱਚ ਤੁਹਾਨੂੰ ਮੈਂਟਲ ਹੈਲਥ ਐਕਟ ਦੇ ਸੈਕਸ਼ਨ 3 ਤਹਿਤ ਹਸਪਤਾਲ ਵਿੱਚ ਰੱਖਿਆ ਜਾਏਗਾ। ਉਨ੍ਹਾਂ ਨੂੰ ਇਹ ਫੈਸਲਾ 28 ਦਿਨਾਂ ਦੇ ਖ਼ਤਮ ਹੋਣ ਤੋਂ ਪਹਿਲਾਂ ਕਰਨਾ ਪਏਗਾ। ਜੇ ਇਹ ਹੋਇਆ, ਤਾਂ ਤੁਹਾਨੂੰ ਇਹ ਸਮਝਾਉਣ ਲਈ ਕਿ ਇਸਦਾ ਕੀ ਮਤਲਬ ਹੈ ਇੱਕ ਹੋਰ ਲੀਫ਼ਲੈਟ ਦਿੱਤਾ ਜਾਏਗਾ।

## ਮੇਰਾ ਕਿਹੜਾ ਇਲਾਜ ਕੀਤਾ ਜਾਏਗਾ ?

ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਅਤੇ ਸਟਾਫ਼ ਦੇ ਹੋਰ ਮੈਂਬਰ, ਜਿਸ ਇਲਾਜ ਬਾਰੇ ਵੀ ਸੋਚਣਗੇ, ਕਿ ਤੁਹਾਨੂੰ ਇਸ ਦੀ ਜ਼ਰੂਰਤ ਹੈ, ਉਸ ਬਾਰੇ ਤੁਹਾਡੇ ਨਾਲ ਗੱਲ ਕਰਨਗੇ। ਪਰ ਬਹੁਤੀ ਵਾਰ ਤੁਹਾਨੂੰ ਉਨ੍ਹਾਂ ਦੀ ਸਲਾਹ ਮੰਨਣੀ ਹੀ ਪਏਗੀ।

ਕੁਝ ਵਿਸ਼ੇਸ਼ ਇਲਾਜਾਂ, ਜਿਵੇਂ ਕਿ ਇਲੈਕਟ੍ਰੋ-ਕਨਵਲਸਿਵ (ਬਿਜਲੀ ਦੇ ਜ਼ੋਰਦਾਰ ਝਟਕੇ) (53“) ਥੈਰੇਪੀ ਲਈ ਵੱਖਰੇ ਨੇਮ ਹਨ। ਜੇ ਸਟਾਫ਼ ਇਹ ਸੋਚਦਾ ਹੈ, ਕਿ ਤੁਹਾਨੂੰ ਇਨ੍ਹਾਂ ਵਿਸ਼ੇਸ਼ ਇਲਾਜਾਂ ਵਿੱਚੋਂ ਇੱਕ ਦੀ ਜ਼ਰੂਰਤ ਹੈ ਤਾਂ ਤੁਹਾਨੂੰ ਨੇਮ ਸਮਝਾ ਦਿੱਤੇ ਜਾਣਗੇ ਅਤੇ ਤੁਹਾਨੂੰ ਕੋਈ ਹੋਰ ਲੀਫ਼ਲੈਟ (ਕਿਤਾਬਚੀ) ਦਿੱਤਾ ਜਾਏਗਾ।

## ਕੀ ਮੈਂ ਅਪੀਲ ਕਰ ਸਕਦਾ / ਸਕਦੀ ਹਾਂ ?

ਤੁਸੀਂ ਸੈਕਸ਼ਨ 2 ਤਹਿਤ ਹਸਪਤਾਲ ਵਿੱਚ ਰੱਖੇ ਜਾਣ ਦੇ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ।

ਇਹ ਕਰਨ ਲਈ ਤੁਸੀਂ ਹਸਪਤਾਲ ਮੈਨੇਜਰਸ (Hospital Managers) ਨੂੰ ਕਹਿ ਸਕਦੇ ਹੋ, ਕਿ ਉਹ ਤਹਾਨੂੰ ਜਾਣ ਦੇਣ। ਤੁਸੀਂ ਇਹ ਕਿਸੇ ਸਮੇਂ ਵੀ ਕਰ ਸਕਦੇ ਹੋ। ਹਸਪਤਾਲ ਮੈਨੇਜਰਸ ਹਸਪਤਾਲ ਅੰਦਰ ਲੋਕਾਂ ਦੀ ਕਾਇਮ ਕੀਤੀ ਇੱਕ ਵਿਸ਼ੇਸ਼ ਕਮੇਟੀ ਨੂੰ ਕਹਿੰਦੇ ਹਨ ਜੋ ਇਹ ਫੈਸਲਾ ਕਰਦੇ ਹਨ, ਕਿ ਲੋਕਾਂ ਨੂੰ ਹਸਪਤਾਲ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਕਿ ਨਹੀਂ। ਉਹ ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਤੁਹਾਨੂੰ ਜਾਣ ਦੇਣ ਕਿ ਨਾ, ਤੁਹਾਡੇ ਨਾਲ ਗੱਲ ਕਰਨੀ ਚਾਹੁਣਗੇ।

ਤੁਸੀਂ ਹਸਪਤਾਲ ਮੈਨੇਜਰਸ ਨੂੰ ਹੇਠਾਂ ਦਿੱਤੇ ਪਤੇ ਤੇ ਲਿਖ ਸਕਦੇ ਹੋ :

| |
|---|

ਜਾਂ ਤੁਸੀਂ ਸਟਾਫ਼ ਦੇ ਕਿਸੇ ਮੈਂਬਰ ਨੂੰ ਹਸਪਤਾਲ ਮੈਨੇਜਰਸ ਨਾਲ ਸੰਪਰਕ ਕਰਨ ਵਿੱਚ ਸਹਾਇਤਾ ਕਰਨ ਲਈ ਕਹਿ ਸਕਦੇ ਹੋ।

ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਵੀ ਹਸਪਤਾਲ ਮੈਨੇਜਰਸ ਨੂੰ ਇਹ ਕਹਿਣ ਲਈ ਕਿ ਉਹ ਚਾਹੁੰਦੇ ਹਨ, ਕਿ ਤੁਹਾਨੂੰ ਹਸਤਪਾਲ ਤੋਂ ਜਾਣ ਦੀ ਆਗਿਆ ਦਿੱਤੀ ਜਾਏ, ਲਿਖ ਸਕਦਾ ਹੈ। ਇਸ ਲੀਫ਼ਲੈਟ ਵਿੱਚ ਇਹ ਵੀ ਸਮਝਾਇਆ ਗਿਆ ਹੈ, ਕਿ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਕੌਣ ਹੈ। ਜੇ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਇਹ ਕਾਰਵਾਈ ਕਰਦਾ ਹੈ ਤਾਂ ਜਦ ਤਕ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਉਨ੍ਹਾਂ ਨੂੰ ਇਹ ਨਹੀਂ ਕਹਿੰਦਾ ਕਿ ਜੇ ਤੁਹਾਨੂੰ ਹਸਪਤਾਲ ਛੱਡਣ ਦੀ ਆਗਿਆ ਦਿੱਤੀ ਗਈ ਤਾਂ ਤੁਸੀਂ ਆਪਣੇ ਆਪ ਲਈ ਜਾਂ ਹੋਰ ਲੋਕਾਂ ਲਈ ਖ਼ਤਰਾ ਬਣ ਸਕਦੇ ਹੋ, ਉਦੋਂ ਤਕ ਹਸਪਤਾਲ ਮੈਨੇਜਰਸ ਨੂੰ ਤੁਹਾਨੂੰ 72 ਘੰਟਿਆਂ ਦੇ ਅੰਦਰ ਅੰਦਰ ਹਸਪਤਾਲ ਤੋਂ ਬਾਹਰ ਕਰਨਾ ਜ਼ਰੂਰੀ ਹੁੰਦਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਫਿਰ ਇਸਤੋਂ ਛੇ ਮਹੀਨੇ ਬਾਅਦ ਹੀ ਜੇ ਤੁਸੀਂ ਉਦੋਂ ਹਸਪਤਾਲ ਵਿੱਚ ਹੋਏ, ਤਾਂ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹਸਪਤਾਲ ਮੈਨੇਜਰਸ ਨੂੰ ਇਹ ਕਹਿ ਸਕੇਗਾ ਕਿ ਉਹ ਚਾਹੁੰਦੇ ਹਨ ਕਿ ਤੁਸੀਂ ਹਸਪਤਾਲ ਤੋਂ ਬਾਹਰ ਆ ਜਾਉ।

ਤੁਸੀਂ ਇੱਕ ਟ੍ਰਿਬਿਊਨਲ ਨੂੰ ਵੀ ਇਹ ਕਹਿਣ ਲਈ ਕਹਿ ਸਕਦੇ ਹੋ, ਤੁਹਾਨੂੰ ਹਸਪਤਾਲ ਵਿੱਚ ਹੋਰ ਸਮੇਂ ਲਈ ਨਾ ਰੱਖਿਆ ਜਾਏ। ਤੁਸੀਂ ਇਹ ਸਿਰਫ਼ ਉਨ੍ਹਾਂ 28 ਦਿਨਾਂ ਜਦੋਂ ਤੁਹਾਨੂੰ ਹਸਪਤਾਲ ਵਿੱਚ ਰੱਖਿਆ ਜਾ ਸਕਦਾ ਹੈ ਦੇ ਪਹਿਲੇ 14 ਦਿਨਾਂ ਦੌਰਾਨ ਕਰ ਸਕਦੇ ਹੋ।

## ਇੱਕ ਟ੍ਰਿਬਿਊਨਲ ਕੀ ਹੈ ਅਤੇ ਇਸ ਵਿੱਚ ਕੀ ਹੁੰਦਾ ਹੈ ?

ਇੱਕ ਟ੍ਰਿਬਿਊਨਲ ਇੱਕ ਸੁਤੰਤਰ ਪੈਨਲ (ਵਿਸ਼ੇਸ਼ ਅਦਾਲਤ) ਹੈ, ਜੋ ਇਹ ਫੈਸਲਾ ਕਰ ਸਕਦੀ ਹੈ, ਕਿ ਕੀ ਤੁਹਾਨੂੰ ਹਸਪਤਾਲ ਤੋਂ ਜਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਕਿ ਨਹੀਂ। ਇਹ ਤੁਹਾਡੇ ਨਾਲ ਅਤੇ ਹਸਪਤਾਲ ਦੇ ਸਟਾਫ਼ ਜੋ ਤੁਹਾਨੂੰ ਜਾਣਦਾ ਹੈ ਨਾਲ ਇੱਕ ਮੀਟਿੰਗ ਕਰੇਗੀ। ਇਸ ਮੀਟਿੰਗ ਨੂੰ "ਸੁਣਵਾਈ" ਕਿਹਾ ਜਾਂਦਾ ਹੈ। ਜੇ ਤੁਸੀਂ ਚਾਹੁੰਦੇ ਹੋ ਤਾਂ ਕਿਸੇ ਹੋਰ ਨੂੰ ਵੀ ਸੁਣਵਾਈ ਦੌਰਾਨ ਆਪਣੀ ਸਹਾਇਤਾ ਲਈ ਆਉਣ ਲਈ ਕਹਿ ਸਕਦੇ ਹੋ। ਸੁਣਵਾਈ ਤੋਂ ਪਹਿਲਾਂ, ਟ੍ਰਿਬਿਊਨਲ ਦੇ ਮੈਂਬਰ ਤੁਹਾਡੇ ਬਾਰੇ ਅਤੇ ਤੁਹਾਡੀ ਦੇਖਭਾਲ ਬਾਰੇ ਹਸਪਤਾਲ ਦੀਆਂ ਰਿਪੋਰਟਾਂ ਪੜ੍ਹਨਗੇ। ਟ੍ਰਿਬਿਊਨਲ ਦਾ ਇੱਕ ਮੈਂਬਰ ਤੁਹਾਡੇ ਕੋਲ ਗੱਲਬਾਤ ਕਰਨ ਲਈ ਵੀ ਆਏਗਾ।

ਜੇ ਤੁਸੀਂ ਟ੍ਰਿਬਿਊਨਲ ਨੂੰ ਅਰਜ਼ੀ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਹੇਠਾਂ ਦੱਸੇ ਤੇ ਲਿਖ ਸਕਦੇ ਹੋ :

The Tribunals Service
PO BOX 8793
5th Floor
Leicester
LE1 8BN ਟੈਲੀਫ਼ੋਨ : 0845 2232022

ਤੁਸੀਂ ਇੱਕ ਵਕੀਲ ਨੂੰ ਤੁਹਾਡੇ ਲਈ ਟ੍ਰਿਬਿਊਨਲ ਨੂੰ ਲਿਖਣ ਲਈ ਅਤੇ ਸੁਣਵਾਈ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਕਹਿ ਸਕਦੇ ਹੋ। ਹਸਪਤਾਲ ਅਤੇ ਲਾਅ ਸੁਸਾਇਟੀ ਕੋਲ ਉਨ੍ਹਾਂ ਵਕੀਲਾਂ ਦੀ ਇੱਕ ਸੂਚੀ ਹੈ, ਜੋ ਇਸ ਬਾਰੇ ਵਿਸ਼ੇਸ਼ੱਗ ਹਨ। ਤੁਹਾਨੂੰ ਇਸ ਕੰਮ ਲਈ ਵਕੀਲ ਤੋਂ ਲਈ ਸਹਾਇਤਾ ਲਈ ਕੋਈ ਰਕਮ ਅਦਾ ਨਹੀਂ ਕਰਨੀ ਪਏਗੀ। ਇਹ ਕਾਨੂੰਨੀ ਸਹਾਇਤਾ ਸਕੀਮ (Legal Aid scheme) ਤਹਿਤ ਮੁਫ਼ਤ ਹੈ।

## ਆਪਣੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਖ਼ਬਰ ਦੇਣੀ

ਇਸ ਲੀਫ਼ਲੈਟ ਦੀ ਇੱਕ ਕਾਪੀ ਉਸ ਵਿਅਕਤੀ ਨੂੰ ਦਿੱਤੀ ਜਾਏਗੀ, ਜਿਸ ਬਾਰੇ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਕਹੇਗਾ, ਕਿ ਉਹ ਤੁਹਾਡਾ ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰ ਹੈ।

ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਵਿੱਚ ਉਨ੍ਹਾਂ ਲੋਕਾਂ ਦੀ ਸੂਚੀ ਹੈ, ਜਿਨ੍ਹਾਂ ਨੂੰ ਰਿਸ਼ਤੇਦਾਰ ਸਮਝਿਆ ਜਾਂਦਾ ਹੈ। ਆਮ ਤੌਰ ਤੇ ਸੂਚੀ ਵਿੱਚ ਸਭ ਤੋਂ ਉੱਪਰ ਉਹ ਵਿਅਕਤੀ ਹੁੰਦਾ ਹੈ, ਜੋ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ। ਹਸਪਤਾਲ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇਂਦਾ ਹੈ, ਜਿਸ ਵਿੱਚ ਇਸ ਅਤੇ ਇਹ ਕਿ ਤੁਹਾਡੀ ਦੇਖਭਾਲ ਅਤੇ ਇਲਾਜ ਦੇ ਸੰਬੰਧ ਵਿੱਚ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਦੇ ਕੀ ਅਧਿਕਾਰ ਹਨ, ਬਾਰੇ ਦੱਸਿਆ ਗਿਆ ਹੈ।

ਤੁਹਾਡੇ ਕੇਸ ਵਿੱਚ ਸਾਨੂੰ ਦੱਸਿਆ ਗਿਆ ਹੈ, ਕਿ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ :

| |
|---|
| |

ਜੇ ਤੁਸੀਂ ਨਹੀਂ ਚਾਹੁੰਦੇ ਕਿ ਇਸ ਵਿਅਕਤੀ ਨੂੰ ਇਸ ਲੀਫ਼ਲੈਟ ਦੀ ਇੱਕ ਕਾਪੀ ਮਿਲੇ ਤਾਂ ਕਿਰਪਾ ਕਰਕੇ ਆਪਣੀ ਨਰਸ ਜਾਂ ਸਟਾਫ਼ ਦੇ ਕਿਸੇ ਹੋਰ ਮੈਂਬਰ ਨੂੰ ਦੱਸੋ।

## ਆਪਣੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਬਦਲਣਾ

ਜੇ ਤੁਸੀਂ ਸੋਚਦੇ ਹੋ, ਕਿ ਇਹ ਵਿਅਕਤੀ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਵਜੋਂ ਉਚਿਤ ਨਹੀਂ ਤਾਂ ਤੁਸੀਂ ਕਾਉਂਟੀ ਕੋਰਟ ਕੋਲ ਉਸਦੀ ਬਜਾਏ, ਕਿਸੇ ਹੋਰ ਵਿਅਕਤੀ ਨੂੰ ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰ ਮੰਨਣ ਲਈ ਅਰਜ਼ੀ ਦੇ ਸਕਦੇ ਹੋ। ਹਸਪਤਾਲ ਦਾ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦਾ ਹੈ, ਜਿਸ ਵਿੱਚ ਇਹ ਗੱਲ ਖੋਲ੍ਹ ਕੇ ਦੱਸੀ ਗਈ ਹੈ।

## ਤੁਹਾਡੀਆਂ ਚਿੱਠੀਆਂ

ਜਦੋਂ ਤੁਸੀਂ ਹਸਪਤਾਲ ਵਿੱਚ ਹੋ, ਤੁਹਾਨੂੰ ਭੇਜੀਆਂ ਗਈਆਂ ਸਭ ਚਿੱਠੀਆਂ ਤੁਹਾਨੂੰ ਦਿੱਤੀਆਂ ਜਾਣਗੀਆਂ। ਤੁਸੀਂ ਸਿਵਾਏ ਉਨ੍ਹਾਂ ਦੇ ਜਿਨ੍ਹਾਂ ਨੇ ਕਿਹਾ ਹੈ ਕਿ ਉਹ ਤੁਹਾਡੇ ਵਲੋਂ ਚਿੱਠੀਆਂ ਨਹੀਂ ਚਾਹੁੰਦੇ, ਕਿਸੇ ਨੂੰ ਵੀ ਚਿੱਠੀਆਂ ਭੇਜ ਸਕਦੇ ਹੋ। ਹਸਪਤਾਲ ਦਾ ਸਟਾਫ਼ ਇਨ੍ਹਾਂ ਲੋਕਾਂ ਨੂੰ ਚਿੱਠੀ ਲਿਖਣਾ ਬੰਦ ਵੀ ਕਰ ਸਕਦਾ ਹੈ।

## ਪ੍ਰੈਕਟਸ ਦਾ ਜ਼ਾਬਤਾ

ਪ੍ਰੈਕਟਸ ਦਾ ਇੱਕ ਜ਼ਾਬਤਾ ਹੈ, ਜਿਸ ਨਾਲ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਅਤੇ ਮਾਨਸਿਕ ਵਿਕਾਰ ਵਾਲੇ ਲੋਕਾਂ ਦੇ ਇਲਾਜ ਕਰਨ ਬਾਰੇ ਹਸਪਤਾਲ ਦੇ ਸਟਾਫ਼ ਨੂੰ ਸਲਾਹ ਦਿੱਤੀ ਜਾਂਦੀ ਹੈ। ਸਟਾਫ਼ ਜਦੋਂ ਤੁਹਾਡੀ ਦੇਖਭਾਲ ਬਾਰੇ ਫੈਸਲੇ ਕਰਦਾ ਹੈ, ਤਾਂ ਉਨ੍ਹਾਂ ਨੂੰ ਇਹ ਵੇਖਣਾ ਪੈਂਦਾ ਹੈ ਕਿ ਜ਼ਾਬਤਾ ਇਸ ਬਾਰੇ ਕੀ ਕਹਿੰਦਾ ਹੈ। ਜੇ ਤੁਸੀਂ ਚਾਹੋ ਤਾਂ ਤੁਸੀਂ ਇਸ ਦੀ ਇੱਕ ਕਾਪੀ ਵੇਖ ਸਕਦੇ ਹੋ।

## ਮੈਂ ਸ਼ਿਕਾਇਤ ਕਿਸ ਤਰ੍ਹਾਂ ਕਰਾਂ ?

ਜੇ ਤੁਸੀਂ ਹਸਪਤਾਲ ਵਿੱਚ ਹੋ ਰਹੀ ਆਪਣੀ ਦੇਖਭਾਲ ਅਤੇ ਇਲਾਜ ਸੰਬੰਧੀ ਕਿਸੇ ਗੱਲ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹੋ ਤਾਂ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲ ਕਰੋ। ਹੋ ਸਕਦਾ ਹੈ, ਕਿ ਉਹ ਮਾਮਲੇ ਨੂੰ ਸੁਲਝਾ ਲੈਣ। ਉਹ ਤੁਹਾਨੂੰ ਹਸਪਤਾਲ ਦੇ ਸ਼ਿਕਾਇਤ ਕਰਨ ਦੇ ਅਮਲ ਬਾਰੇ ਵੀ ਜਾਣਕਾਰੀ ਦੇ ਸਕਦੇ ਹਨ ਜਿਸਨੂੰ ਤੁਸੀਂ ਆਪਣੀ ਸ਼ਿਕਾਇਤ ਨੂੰ ਸੁਲਝਾਣ ਲਈ, ਜਿਸਨੂੰ ਸਥਾਨਕ ਮਤਾ ਕਹਿੰਦੇ ਹਨ, ਰਾਹੀਂ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। ਉਹ ਤੁਹਾਨੂੰ ਉਨ੍ਹਾਂ ਹੋਰ ਲੋਕਾਂ ਬਾਰੇ ਵੀ ਦੱਸ ਸਕਦੇ ਹਨ, ਜੋ ਤੁਹਾਨੂੰ ਸ਼ਿਕਾਇਤ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

ਜੇ ਤੁਸੀਂ ਮਹਿਸੂਸ ਕਰਦੇ ਹੋ, ਕਿ ਹਸਪਤਾਲ ਦਾ ਸ਼ਿਕਾਇਤਾਂ ਦਾ ਅਮਲ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ ਤਾਂ ਤੁਸੀਂ ਇੱਕ ਸੁਤੰਤਰ ਕਮਿਸ਼ਨ ਕੋਲ ਵੀ ਸ਼ਿਕਾਇਤ ਕਰ ਸਕਦੇ ਹੋ। ਕਮਿਸ਼ਨ ਇਹ ਯਕੀਨੀ ਬਣਾਉਣ ਲਈ ਕਿ 1983 ਦਾ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦਾ ਇਸਤੇਮਾਲ ਠੀਕ ਤਰ੍ਹਾਂ ਹੋਵੇ, ਅਤੇ ਮਰੀਜ਼ ਜਿੰਨੀ ਦੇਰ ਹਸਪਤਾਲ ਵਿੱਚ ਹੋਣ, ਉਨ੍ਹਾਂ ਦੀ ਦੇਖਭਾਲ ਸਹੀ ਢੰਗ ਨਾਲ ਹੋਵੇ, ਇਹ ਨਿਗਰਾਨੀ ਕਰਦਾ ਹੈ ਕਿ ਇਸ ਕਾਨੂੰਨ ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਜਾਂਦਾ ਹੈ। ਹਸਪਤਾਲ ਦਾ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦੇ ਹਨ, ਜਿਸ ਵਿੱਚ ਦੱਸਿਆ ਗਿਆ ਹੈ, ਕਿ ਕਮਿਸ਼ਨ ਨਾਲ ਸੰਪਰਕ ਕਿਵੇਂ ਕਰਨਾ ਹੈ।

## ਹੋਰ ਵੱਧ ਸਹਾਇਤਾ ਲਈ ਜਾਣਕਾਰੀ

ਜੇ ਤੁਹਾਡੀ ਦੇਖਭਾਲ ਅਤੇ ਇਲਾਜ ਬਾਰੇ ਕੋਈ ਅਜਿਹੀ ਗੱਲ ਹੈ, ਜੋ ਤੁਹਾਨੂੰ ਸਮਝ ਨਹੀਂ ਆ ਰਹੀ ਤਾਂ ਸਟਾਫ਼ ਦਾ ਇੱਕ ਮੈਂਬਰ ਤੁਹਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰੇਗਾ। ਜੇ ਇਸ ਲੀਫ਼ਲੈਟ ਵਿੱਚ ਕੁਝ ਅਜਿਹਾ ਹੋਵੇ, ਜੋ ਤੁਹਾਡੀ ਸਮਝ ਵਿੱਚ ਨਹੀਂ ਆ ਰਿਹਾ ਜਾਂ ਤੁਹਾਡੇ ਕੋਈ ਹੋਰ ਸਵਾਲ ਹਨ, ਜਿਨ੍ਹਾਂ ਦੇ ਜਵਾਬ ਇਸ ਲੀਫ਼ਲੈਟ ਵਿੱਚ ਨਹੀਂ ਦਿੱਤੇ ਗਏ, ਤਾਂ ਕਿਰਪਾ ਕਰਕੇ ਸਟਾਫ਼ ਦੇ ਇੱਕ ਮੈਂਬਰ ਨੂੰ ਸਮਝਾਉਣ ਲਈ ਕਹੋ।

ਜੇ ਤੁਹਾਨੂੰ ਲੀਫ਼ਲੈਟ ਦੀ ਇੱਕ ਹੋਰ ਕਾਪੀ ਕਿਸੇ ਹੋਰ ਲਈ ਚਾਹੀਦੀ ਹੋਵੇ, ਤਾਂ ਕਿਰਪਾ ਕਰਕੇ ਕੇ ਉਸ ਲਈ ਕਹੋ।